(1)

# ਨਾਟਕ ਅਤੇ ਇਕਾਂਗੀ ਵਿਚ ਅੰਤਰ

Que- ਨਾਟਕ ਸ਼ਬਦ ਸੰਸਕ੍ਰਿਤ ਸ਼ਬਦ 'ਨਾਟਯ' ਤੋਂ ਬਣਿਆ ਹੈ। 'ਨਾਟਯ' ਸੰਸਕ੍ਰਿਤ ਦੇ ਦੋ ਧਾਤੂ 'ਨਟ' + 'ਨਾਟ' ਤੋਂ ਬਣਿਆ ਹੈ। ਸੰਸਕ੍ਰਿਤ ਵਿਚ ਨਟ ਸ਼ਬਦ ਦਾ ਅਰਥ ਹੈ 'ਨੱਚਣਾ' ਹੈ, ਜਿਵੇਂ ਡਿਗਣਾ, ਵਿਖਾਵਣਾ, ਨਾਟਕ ਖੇਡਣਾ। ਸੰਸਕ੍ਰਿਤ ਵਿਚ ਨਾਟ ਸ਼ਬਦ ਦਾ ਅਰਥ ਨਾਚ, ਇਸ ਤੋਂ ਸੁਆਂਗ ਕੀਤਾ ਗਿਆ ਹੈ।

ਨਾਟਕ ਸਾਹਿਤ ਦਾ ਇੱਕ ਅਤਿਅੰਤ ਪ੍ਰਾਚੀਨ ਅਤੇ ਗੌਰਵਮਈ ਰੂਪ ਹੈ। ਇਸ ਦਾ ਜਨਮ ਮਨੁੱਖ ਦੇ ਆਦਿ ਕਾਲ ਵਿਚ ਉਸ ਸਮੇਂ ਹੋ ਗਿਆ ਸੀ। ਜਦੋਂ ਮਨੁੱਖ ਭਾਸ਼ਾ ਦੇ ਮਾਧਿਅਮ ਦੁਆਰਾ ਸੰਚਾਰ ਕਰਨ ਵਿਚ ਪੂਰੀ ਤਰ੍ਹਾਂ ਨਾਲ ਸਮਰੱਥ ਵੀ ਨਹੀਂ ਸੀ ਹੋਇਆ।

ਪੀ. ਐਸ. ਸ਼ਾਸਤਰੀ

"ਨਾਟਕ ਖਾਸ ਤੌਰ ਤੇ ਕਾਰਜ ਪੇਸ਼ ਕਰਦਾ ਹੈ। ਵਿਰੋਧੀ ਸਰੀਰਕ ਤੇ ਮਾਨਸਿਕ ਸ਼ਕਤੀ ਉਤੇ ਕਾਰਜਸ਼ੀਲ ਹੈ, ਦੂਜੇ ਸ਼ਬਦਾਂ ਵਿਚ ਕੇਸ ਘਟਨਾਵਾਂ, ਪਰਸਥਿਤੀਆਂ, ਸੰਵਾਦ ਤੇ ਵਿਸਾਰੀ ਪ੍ਰਕਿਰਿਆਵਾਂ ਸਾਰੇ ਹੀ ਖਾਸ ਨਿਸ਼ਚਿਤ ਅੰਤ ਵੱਲ ਜਾ ਰਹੇ ਕਾਰਜ ਦੇ ਪ੍ਰਵਾਹ ਵਿਚ ਸਮਾਏ ਹੋਏ ਹਨ।"

ਭਰਤਮੁਨੀ ਨਾਟਕ ਨੂੰ ਲੋਕਾਂ ਦੇ ਵਿਵਹਾਰ ਜਾਂ ਜੀਵਨ ਦਾ ਅਨੁਕਰਣ ਕਹਿੰਦਾ ਹੈ ਤੇ ਅਰਸਤੂ ਕਾਰਜ ਦੇ ਅਨੁਕਰਣ ਨੂੰ ਨਾਟਕ ਕਹਿੰਦਾ ਹੈ।

(2)

ਨਾਟਕ ਦੀ ਤੁਲਨਾ ਵਿੱਚ ਇਕਾਂਗੀ ਦਾ ਰੂਪ ਛੋਟਾ ਹੈ। ਇਕਾਂਗੀ ਤਾਂ ਨਾਟਕ ਇਕਾਂਗੀ ਦਾ ਅਰਥ ਹੈ ਇੱਕ ਅੰਗ ਜਾਂ ਇੱਕ ਅੰਕ ਵਾਲੀ ਰਚਨਾ। ਭਾਵ ਕਿ ਰਚਨਾ ਜਿਸ ਦਾ ਕੇਵਲ ਇੱਕ ਅੰਕ ਹੁੰਦਾ ਹੈ। ਪੱਛਮ ਵਿੱਚ ਇਕਾਂਗੀ ਨਾਟਕ ਦਾ ਜਨਮ ਪਹਿਲਾਂ ਉਨ੍ਹੀਵੀਂ ਸਦੀ ਦੇ ਅੰਤ ਹੋਇਆ ਮੰਨਿਆ ਜਾਂਦਾ ਹੈ। ਇਕਾਂਗੀ ਨਾਟਕ ਕਿਸੇ ਇੱਕ ਘਟਨਾ ਜਾਂ ਕਿਸੇ ਵੀ ਉਪ ਘਟਨਾ ਨਾਲ ਸੰਬੰਧਤ ਰਹਿੰਦੇ ਉਸਾਰੇ ਗਏ ਸੰਕੇਤਾਂ ਦਾ ਰਸ ਭਰ ਪ੍ਰਗਟਾਵਾ ਹੈ। 1903 ਈ: ਵਿੱਚ ਜੈਕਬ ਦੀ ਇੱਕ ਕਹਾਣੀ 'A monkey's paw' ਉਪਰ ਇੱਕ ਅਧਾਰਿਤ ਇੱਕ ਕਹਾਣੀ ਇੰਨੀ ਲੋਕ ਪ੍ਰਸਿੱਧ ਹੋਈ ਕਿ ਨਾਟਕ ਖੇਡਣ ਲਈ ਥੀਏਟਰ ਵਿੱਚ ਦੇਰ ਨਾਲ ਆਉਣ ਨਾਟਕ ਦੇਖਣ ਤੋਂ ਪਹਿਲਾਂ ਉਠ ਕੇ ਚਲੇ ਗਏ ਦਰਸ਼ਕਾਂ ਦੇ ਮਨ ਮਨੋਰੰਜਨ ਦੀ ਤ੍ਰਿਪਤੀ ਉਸ ਕਹਾਣੀ ਨੇ ਪੂਰੀ ਕਰ ਦਿੱਤੀ ਸੀ। ਇਸਤੋਂ ਉਤਸ਼ਾਹਿਤ ਹੋ ਕੇ 20ਵੀਂ ਸਦੀ ਵਿੱਚ ਪਹਿਲਾਂ ਸਾਰੇ ਨਾਟਕ ਜਗਤ ਸਾਹਿਤ ਦੇ ਰੂਪ ਵਿੱਚ ਸਥਾਪਿਤ ਹੋ ਗਏ। ਇਸ ਤਰ੍ਹਾਂ ਇਕਾਂਗੀ ਨਾਟਕ ਨੇ ਸੁਤੰਤਰ ਰੂਪਾਕਾਰ ਵਜੋਂ ਆਪਣੀ ਸਥਾਨ ਸਥਾਪਿਤ ਕਰ ਲਈ।

ਨਾਟਕ ਅਤੇ ਇਕਾਂਗੀ ਵਿੱਚ ਅੰਤਰ :-

ਪਰ ਨਾਟਕ ਅਤੇ ਇਕਾਂਗੀ, ਇਹ ਦੋਵੇਂ ਰੂਪਾਕਾਰ ਵਾਰਤਾਲਾਪ ਦੇ ਮਾਧਿਅਮ ਦੁਆਰਾ ਸਾਕਾਰ ਹੋਣ ਵਾਲੇ ਰੰਗਮੰਚ ਦਾ ਸ਼ਿੰਗਾਰ ਕਰਦੇ ਹਨ, ਇਸ ਕਾਰਨ ਦੋਹਾਂ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਦੋਵੇਂ ਦ੍ਰਿਸ਼ ਕਾਵਿ ਦੀ ਸ਼੍ਰੇਣੀ ਵਿੱਚ ਰੱਖੇ ਜਾਂਦੇ ਹਨ, ਅਰਥਾਤ ਅਜਿਹਾ ਸਾਹਿਤ, ਜਿਸ ਦਾ ਆਨੰਦ ਅੱਖਾਂ ਨਾਲ ਵੇਖ ਕੇ ਦ੍ਰਿਸ਼ ਰੂਪ ਦੇ ਮਾਣਿਆ ਜਾਂਦਾ ਹੈ।

(3)

ਪਰ ਇਹਨਾਂ ਸਮਾਨਤਾਵਾਂ ਦੇ ਬਾਵਜੂਦ ਸੁਭਾਓ ਦੀ ਵਿਸ਼ਮਤੀ ਤੇ ਖੇਤਾਂ ਵਿੱਚ ਵੱਡ ਅੰਤਰ ਵੀ ਹਨ। ਇਹਨਾਂ ਅੰਤਰਾਂ ਦੇ ਸਮਝ ਲੈਣ ਉਪਰੰਤ ਹੀ ਅਸੀਂ ਨਾਟਕ ਅਤੇ ਇਕਾਂਗੀ ਦੇ ਰੂਪਾਕਾਰ ਸਰੂਪ ਅਤੇ ਮਹੱਤਵ ਨੂੰ ਠੀਕ ਤਰ੍ਹਾਂ ਨਾਲ ਪਹਿਚਾਣ ਸਕਦੇ ਹਾਂ।

(i) <u>ਵਿਸ਼ੈ-ਵਸਤੂ</u> :- ਨਾਟਕ ਦਾ ਇਤਿਹਾਸ ਬਹੁਤ ਪ੍ਰਾਚੀਨ ਹੈ। ਪਿਛਲੇ ਢਾਈ ਕੁ ਹਜ਼ਾਰ ਵਰ੍ਹਿਆਂ ਤੋਂ ਯੂਨਾਨ, ਭਾਰਤ ਅਤੇ ਵਿਸ਼ਵ ਦੇ ਕੁਝ ਹੋਰ ਭਾਗਾਂ ਵਿੱਚ ਨਾਟਕ ਲਿਖੇ ਅਤੇ ਖੇਡੇ ਜਾ ਰਹੇ ਹਨ। ਯੂਨਾਨ ਵਿੱਚ ਅਸਕੀਲਸ, ਸੋਫੋਕਲੀਜ਼ ਅਤੇ ਯੂਰੀਪਡੀਜ਼ ਦੇ ਨਾਟਕ ਲਗਭਗ 2500 ਵਰ੍ਹੇ ਪੁਰਾਣੇ ਹਨ। ਭਾਰਤ ਵਿੱਚ ਵੀ ਭਰਤ, ਭਾਸ ਅਤੇ ਕਾਲੀਦਾਸ ਵਰਗੇ ਨਾਟਕਕਾਰਾਂ ਦੀ ਪਰੰਪਰਾ ਘੱਟੋ-ਘੱਟ ਦੋ ਹਜ਼ਾਰ ਵਰ੍ਹੇ ਪੁਰਾਣੀ ਹੈ। ਇਹਨਾਂ ਨਾਟਕਾਂ ਵਿੱਚ ਰਾਜੇ ਰਜਵਾੜਿਆਂ ਦੇ ਪਰਾਕ੍ਰਮਾਂ, ਉਪਲਬਧੀਆਂ, ਪ੍ਰੇਮ ਕਥਾਵਾਂ, ਜਿੱਤਾਂ ਅਤੇ ਹਾਰਾਂ ਦੇ ਵੇਰਵੇ ਦਰਜ ਹੋਏ ਹਨ। ਪ੍ਰਾਚੀਨ ਨਾਟਕ ਸੁਜਾਨ ਅਤੇ ਪ੍ਰਤਾਪੀ ਰਾਜਿਆਂ ਦੇ ਜੀਵਨ-ਸੰਘਰਸ਼ ਨੂੰ ਸਨਮਾਨ ਕਰਦਾ ਰਿਹਾ ਹੈ। ਪਰੰਤੂ ਇਕਾਂਗੀ ਨਾਟਕ ਪੂੰਜੀਵਾਦੀ ਯੁਗ ਦੀਆਂ ਕਦਰਾਂ ਅਤੇ ਪ੍ਰਭਾਵਾਂ ਵਿੱਚੋਂ ਉਤਪੰਨ ਹੋਇਆ ਹੈ। ਕਲਾਸੀਕਲ ਨਾਟਕ ਵਿੱਚ ਧਰਮ ਅਤੇ ਪ੍ਰਕਿਰਤੀ ਵਿਚਲੇ ਸੰਘਰਸ਼ ਦੀ ਤਰਜਮਾਨੀ ਹੁੰਦੀ ਹੈ ਪਰੰਤੂ ਇਕਾਂਗੀ ਨਾਟਕ ਪੁਰਸ਼-ਪੁਰਸ਼ ਦਰਮਿਆਨ ਹੋਣ ਵਾਲੇ ਟਕਰਾਓ ਅਤੇ ਵਿਰੋਧ ਦੀ ਤਰਜਮਾਨੀ ਨਾਲ ਜੁੜਿਆ ਹੈ। ਕਲਾਸੀਕਲ ਯੁਗ ਵਿੱਚ ਮਨੁੱਖੀ ਕਦਰਾਂ-ਕੀਮਤਾਂ ਸਥਿਰ ਅਤੇ ਸਾਸ਼ਵਤ ਹੁੰਦੀਆਂ ਹਨ। ਪਰੰਤੂ ਆਧੁਨਿਕ ਪੂੰਜੀਵਾਦੀ ਯੁਗ ਵਿੱਚ ਸਭ ਕੁਝ ਬਿਖਰ ਗਿਆ ਹੈ। ਕੁਝ ਵੀ ਸਥਿਰ ਅਤੇ ਸਰਬ-ਸਾਂਝਾ ਨਹੀਂ ਰਿਹਾ। ਹਰ ਮਨੁੱਖ ਜੀਵਨ ਅਤੇ ਜਗਤ ਬਾਰੇ ਆਪਣੇ ਨਿਜੀ ਦ੍ਰਿਸ਼ਟੀਕੋਣ ਤੋਂ ਸੋਚਦਾ ਹੈ। ਜਿਸਦੀ ਕੋਈ ਇਕ ਦੇ ਆਪਣੀ ~~ਕਿੰਨੀ ਕਿ~~ ਵੱਖਰੀ ਮਿਤਕਾਰੀ ਸਾਰਥਕ ਹੁੰਦੀ ਹੈ।

(4)

ਉਹ ਉਸੇ ਨੇ ਸੀਤ ਅਤੇ ਉਖੜ ਮਨ ਦੇ ਉਸ ਦੀ ਪ੍ਰਾਪਤੀ ਲਈ ਹਰ ਸੰਭਵ ਹੀਲਾ ਕਰਦਾ ਹੈ। ਇਸ ਸੁਰ ਵਿਚ ਇਕ ਵਿਅਕਤੀ ਲਈ ਉਚਿਤ ਅਤੇ ਸੱਚੀ ਪ੍ਰੀਤੀ, ਓਹੋ ਵਿਅਕਤੀ ਨੂੰ ਅਸੀਮ ਅਤੇ ਅਨਿਸ਼ਚਿਤ ਪ੍ਰਤੀਤ ਹੁੰਦੇ ਹਨ। ਇਉਂ ਨਾਟਕ ਅਤੇ ਇਕਾਂਗੀ ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ। ਨਾਟਕ ਸਰਬ-ਸਾਂਝੇ ਅਤੇ ਸਥਿਰ ਜੀਵਨ-ਆਦਰਸ਼ਾਂ ਦੀ ਪ੍ਰਤਿਨਿਧਤਾ ਕਰਦਾ ਹੈ ਜਦੋਂ ਕਿ ਇਕਾਂਗੀ ਵਿਅਕਤੀਗਤ ਅਤੇ ਖੰਡਿਤ ਕਦਰਾਂ-ਕੀਮਤਾਂ ਦੇ ਪੇਸ਼ਕਾਰੀ ਅਤੇ ਵਿਆਖਿਆ ਕਰਦਾ ਹੈ।

ਇਕਾਂਗੀ ਆਪਣੇ ਸੰਖੇਪ ਆਕਾਰ ਦੀ ਵਜ੍ਹਾ ਕਾਰਨ ਹੀ ਜੀਵਨ ਦੀ ਕਿਸੇ ਖਾਸ ਘਟਨਾ ਨੂੰ ਹੀ ਆਪਣੀ ਵਸਤੂ ਬਣਾ ਸਕਦਾ ਹੈ। ਇਹ ਕਿਸੇ ਮਨੁੱਖ ਦੇ ਸਮੁੱਚੇ ਜੀਵਨ ਜਾਂ ਉਸ ਦੇ ਜੀਵਨ ਨਾਲ ਸੰਬੰਧਿਤ ਬਹੁਤੀਆਂ ਘਟਨਾਵਾਂ ਦਾ ਬੋਝ ਨਹੀਂ ਉਠਾ ਸਕਦਾ। ਇਸ ਦਾ ਮੌਜੂਦਾ ਪੇਚੀਦਾ ਸਮਾਜ ਵਿਚ ਉਤਪੰਨ ਹੋਈਆਂ ਨਵੀਆਂ-ਨਵੀਆਂ ਸਮੱਸਿਆਵਾਂ ਨੇ ਵਿਅੰਗਮਈ ਰੂਪ ਦੇ ਸਾਹਿਤਕ ਪਸਾਰ ਸਹਾਈ ਹੋਇਆ ਹੈ। ਸਮਾਜ ਦੇ ਵਧਦੇ ਪਸਾਰੇ ਨੇ ਇਕਾਂਗੀ ਦੇ ਸਾਹਿਤਕ ਪਸਾਰ ਵਿਸਤਾਰ ਨਾਲ ਨਹੀਂ ਵਿਖਾਇਆ ਜਾ ਸਕਦਾ ਅਤੇ ਨਾ ਹੀ ਜੀਵਨ ਦੀਆਂ ਵਿਆਪਕ। ਮੂਲਭੂਤ ਸਮੱਸਿਆਵਾਂ ਦੇ ਹੱਲ ਵਿਸਤਾਰ ਰੂਪ ਵਿਚ ਪ੍ਰਸਤੁਤ ਕੀਤੇ ਜਾ ਸਕਦੇ ਹਨ। ਪਰੰਤੂ ਪੂਰੇ ਨਾਟਕ ਉੱਪਰ ਨਾ ਤਾਂ ਸਮੇਂ ਅਤੇ ਸਥਾਨ ਦੀ ਕੋਈ ਸੀਮਾ ਹੈ ਅਤੇ ਨਾ ਆਕਾਰ-ਪ੍ਰਕਾਰ ਦੀ। ਇਕ-ਇਕ ਅੰਕ ਨੂੰ ਕਈ ਦ੍ਰਿਸ਼ਾਂ ਵਿਚ ਫੈਲਾ ਕੇ ਨਾਟਕਕਾਰ ਮਨੁੱਖੀ ਜੀਵਨ ਦੇ ਕਿਸੇ ਸਾਂਝ, ਵਿਕਾਸ ਨੂੰ ਆਪਣੀ ਰਚਨਾ ਦਾ ~~ਨਾਟਕਕਾਰ~~ ਅਸਲੀ ਵਿਸ਼ਾ ਬਣਾ ਸਕਦਾ ਹੈ। ਅੱਗੋਂ ਹਰ ਅੰਕ ਵਿਚ ਕਈ ਝਾਕੀਆਂ ਹੋ ਸਕਦੀਆਂ ਅਤੇ ਇਹਨਾਂ ਦੀ ਬਹੁਤਾਤ ਵਿਉਂਤਬੰਦੀ ਨਾਲ ਨਾਟਕਕਾਰ ਆਪਣੀ ਰਚਨਾ ਨੂੰ

(5)

ਅਤੇ ਇਕ ਸਥਾਨ ਤੋਂ ਤੁਰ ਕੇ ਦੂਜੇ ਸਥਾਨ ਉੱਪਰ ਲੈ ਜਾਂਦਾ ਹੈ। ਇਸੇ ਇਕਾਂਗੀ ਨਾਟਕ ਦੀ ਤੁਲਨਾ ਵਿਚ ਸੰਪੂਰਨ ਨਾਟਕ ਦੇ ਅਸੀਮਤ ਪਾਸ ਸਮੇਂ ਅਤੇ ਸਥਾਨ ਦੀ ਪਾਬੰਦੀ ਬਾਰੇ ਕੋਈ ਮਜਬੂਰੀ ਨਹੀਂ ਹੈ। ਇਹ ਮਨੁੱਖੀ ਜੀਵਨ ਦੀ ਹਰ ਸਮੱਸਿਆ ਨੂੰ ਇਸ ਦੇ ਵਿਭਿੰਨ ਪਾਸਾਰਾਂ ਅਤੇ ਪਰਿਪੇਖਾਂ ਵਿਚ ਰਖ ਕੇ ਦੇਖ ਸਕਦਾ ਹੈ।

ਪੂਰੇ ਨਾਟਕ ਦੀ ਤੁਲਨਾ ਹੁੰਦਾ ਹੈ। ਜਿਹ ਵਿਚ ਜੀ ਅੰਕ ਇਕ ਸਮਾਪਤ ਹੋ ਜਾਂਦਾ ਹੈ। ਕਈ ਇਕਾਂਗੀਕਾਰ ~~ਇਕ~~ ਇਕ ਅੰਕ ਦੇ ਵਿਚ ਹੀ ਸਥਾਨ ਉੱਪਰ ਬਦਲਦਾ ਦਿਖਾਉਂਦੇ ਹਨ; ਇਹ ਝਾਕੀਆਂ ਨਹੀਂ ਪ੍ਰਭਾਵ ਵਿਚ ਕਾਰੀ ਪ੍ਰਭਾਵ ਨਾਲ ਇਕਾਂਗੀ ਦੀ ਗਤੀ ਨੂੰ ਧੀਮਾ ਕਰਦਾ ਪੈਂਦਾ ਹੈ ਅਤੇ ਇਸ ਸਦਕਾ ਵਿਚ ਇਕਾਂਗੀ ਦਾ ਪ੍ਰਭਾਵ ਅਤੇ ਗਤਿਆ ਸੰਜਮ ਪੈ ਜਾਂਦੀ ਹੈ। ਇਕਾਂਗੀ ਵਿਚ ਦੋ-ਤੇ ਸੈਕਿੰਡ ਪੈਂਦੀਆਂ ਹਨ। ਇਕਾਂਗੀ ਦਾ ਸਿਖਰ ਇਸ ਦੇ ਅੰਤ ਵਿਚ ਹੀ ਪੈਦਾ ਹੁੰਦਾ ਹੈ। ਜਿਸ ਸੰਯੋਜਨ ਦੇ ਢੰਗ ਨਾਲ ਇਕਾਂਗੀ ਦੀ ਸ਼ੈਲੀ ਘੜ ਜਾਂਦੀ ਹੈ। ਦਰਸ਼ਕ ਹੈਰਾਨ ਰਹਿ ਜਾਂਦੇ ਹਨ। ਇਨ੍ਹਾਂ ਦੀਆਂ ਅੱਖਾਂ ਅਚਾਨਕ ਖਿਚਾਈ ਦੇ ਵਿਸਮਾਦ ਭੋਗ ਦਿੱਖਿਆ ਜਾਂਦੀਆਂ ਹਨ। ਇਹ ਠੀਕ ਜਿਵੇਂ ਮਹਿਸੂਸ ਕਰਦੇ ਹਨ ਅਤੇ ਪਰਦਾ ਡਿੱਗ ਪੈਂਦਾ ਹੈ।

(ii) ਪਾਤਰ-ਚਿਤਰਣ :- ਇਕਾਂਗੀ ਨਾਟਕ ਮਨੁੱਖੀ ਜੀਵਨ ਦਾ

ਅਨੁਕਰਣ ਅਥਵਾ ਪੁਨਰ-ਸਿਰਜਣ ਹੈ। ਇਸ ਕਰਕੇ ਇਸ ਵਿਚ ਕਰਮਸ਼ੀਲ ਵਿਅਕਤੀਆਂ ਨੂੰ ਪੇਸ਼ ਕੀਤਾ ਜਾਂਦਾ ਹੈ। ਕਿਉਂਕਿ ਨਾਟਕ ਉੱਪਰ ਸਮੇਂ ਅਤੇ ਸਥਾਨ ਦੀ ਕੋਈ ਪਾਬੰਦੀ ਨਹੀਂ ਲਾਈ ਗਈ, ਇਸ ਕਾਰਨ ਇਸ ਵਿਚ ਪਾਤਰਾਂ ਦੀ ਗਿਣਤੀ, ਵਿਸ਼ੇ ਦੀ ਜ਼ਰੂਰਤ ਥੀਏਟਰ ਅਨੁਸਾਰ ਵਧ-ਘਟ ਸਕਦੀ ਹੈ। ਪਰੰਤੂ ਵਰਗੇ ਨਾਟਕਕਾਰਾਂ ਦੇ ਓਪਨ ਥੀਏਟਰ ਵਿਚ ਪਾਤਰਾਂ ਦੀ ਭੀੜ ਦੇਖੀ ਜਾ ਸਕਦੀ ਹੈ। ਇਕਾਂਗੀਅਸ


(6)

ਸ਼ੈਕਸਪੀਅਰ ਦੇ ਕਈ ਨਾਟਕਾਂ ਵਿੱਚ ਵੀ ਭੀੜ ਦੇਖੀ ਜਾ ਸਕਦੀ ਹੈ। ਨਾਟਕ ਦੀ ਪੇਸ਼ਕਾਰੀ ਦੌਰਾਨ ਨਾਟਕਕਾਰ ਪਾਸ ਬਾਰ- ਬਾਰ ਪਰਦਾ ਲਗਾਉਣ ਅਤੇ ਉਠਾਉਣ ਦੀ ਸਹੂਲਤ ਹੁੰਦੀ ਹੈ, ਇਸ ਕਾਰਨ ਉਹ ਆਪਣੇ ਪਾਤਰਾਂ ਉੱਪਰ ਨਿਰਭਰ ਰਹਿ ਸਕਦਾ ਹੈ। ਬਹੁਤੇ ਪਾਤਰਾਂ ਨੂੰ ਉਹ ਰੰਗਪੀਠ ਉੱਪਰ ਦਰਸ਼ਕਾਂ ਦੇ ਸਾਹਮਣੇ ਲੈ ਆਉਂਦਾ ਹੈ ਅਤੇ ਰੰਗ- ਮੰਚ ਤੇ ਹੀ ਪਾਤਰ ਪੇਕਸ਼ਾ ਗ੍ਰਹਿ (green room) ਵਿੱਚ ਬੈਠ ਕੇ ਆਪਣੀ ਵਾਰੀ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ। ਪਰੰਤੂ ਇਕਾਂਗੀਕਾਰ ਪਾਸ ਬਾਰ- ਬਾਰ ਪਰਦਾ ਲਗਾਉਣ ਅਤੇ ਉਠਾਉਣ ਦੀ ਸਹੂਲਤ ਨਹੀਂ ਹੁੰਦੀ; ਇਸ ਕਾਰਨ ਉਹ ਕੇਵਲ ਕੁਝ ਗਿਣਤੀ ਦੇ ਪਾਤਰਾਂ ਦੇ ਸਹਾਰੇ ਹੀ ਆਪਣੀ ਕਹਾਣੀ ਨੂੰ ਅੱਗੇ ਵਧਾਉਂਦਾ ਹੈ। ਕਿਉਂਕਿ ਇਕਾਂਗੀ ਦੀ ਕਹਾਣੀ ਬਹੁਤ ਥੋੜ੍ਹੇ ਸਮੇਂ ਵਿੱਚ ਖਤਮ ਹੋਣੀ ਹੁੰਦੀ ਹੈ, ਇਸ ਲਈ ਪਾਤਰਾਂ ਦੇ ਅੰਦਰ ਦੇ ਦੁੱਖ- ਸੁੱਖ, ਜਜ਼ਬਾਤਾਂ ਨੂੰ ਪੇਸ਼ ਕਰ ਸਕਦੇ ਹਨ। ਆਮ ਤੌਰ ਤੇ ਇਕਾਂਗੀ ਵਿੱਚ ਇੱਕ ਜਾਂ ਦੋ ਪਾਤਰ ਹੀ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ। ਪਾਤਰ- ਚਿਤਰਣ ਵਿੱਚ ਸੰਜਮ ਤੇ ਸੰਖੇਪਤਾ ਤੋਂ ਕੰਮ ਲੈਣਾ ਪੈਂਦਾ ਹੈ। ਪੂਰੇ ਨਾਟਕਾਂ ਵਾਂਗ ਇਕਾਂਗੀ ਨਾਟਕ ਵਿੱਚ ਪਾਤਰਾਂ ਦੀਆਂ ਵੱਖ- ਵੱਖ ਰਾਹਾਂ- ਕੁਰਾਹਾਂ ਸੰਬੰਧੀ ਗੱਲਾਂ ਜਾਂ ਉਪ ਘਟਨਾਵਾਂ ਦੀ ਗੁੰਜਾਇਸ਼ ਨਹੀਂ ਹੁੰਦੀ। ਇਕਾਂਗੀ ਵਿੱਚ ਪਾਤਰ- ਚਿਤਰਣ ਸੰਕੇਤ ਰੂਪ ਨਾਲ ਕੀਤਾ ਜਾਂਦਾ ਹੈ। ਥੋੜਾ ਕੁਝ ਕਿਹਾ ਜਾਂਦਾ ਹੈ ਅਤੇ ਬਹੁਤਾ ਕੁਝ ਪਾਠਕਾਂ ਦੀ ਕਲਪਨਾ ਉੱਪਰ ਛੱਡ ਦਿੱਤਾ ਜਾਂਦਾ ਹੈ। ਅਜੋਕੇ ਯੁੱਗ ਵਿੱਚ ਦਰਸ਼ਕ ਤਕਾਜ਼ਾ ਕਰਦੇ ਹਨ ਕਿ ਕਿਸੇ ਵੀ ਪਾਤਰ ਦੇ ਜੀਵਨ ਦੇ ਵਿਭਿੰਨ ਪਰਿਪੇਖਾਂ ਵਿੱਚ ਰਖ ਕੇ ਉਸ ਦੀ ਸ਼ਖਸੀਅਤ ਦੇ ਅੰਦਰੂਨੀ ਪਾਸਾਰ ਉਜਾਗਰ ਕੀਤੇ ਜਾਣ ਪਰੰਤੂ ਇਕਾਂਗੀ ਨਾਟਕ ਵਿੱਚ ਅਜਿਹਾ ਵਿਚਰਣ ਸੰਭਵ ਨਹੀਂ ਹੁੰਦਾ।

(7)

(iii) **ਕਥਾਨਕ :-** ਪਰ ਨਾਟਕ ਦਾ ਕਥਾਨਕ ਕਾਫੀ ਜਟਿਲ ਹੁੰਦਾ ਹੈ। ਹਰ ਅੰਕ, ਇਕਾਂਗੀ ਨਾਟਕ ਵਾਂਗ ਆਪਣਾ ਉੱਥਾਨ ਸਿਖਰ ਅਤੇ ਅੰਤ ਸਿਰਜਦਾ ਹੈ। ਕਈ ਵਾਰ ਨਾਟਕ ਦੀ ਮੂਲ ਕਹਾਣੀ ਤਾਂ ਕਿਸੇ ਇਕ ਜਾਂ ਦੋ ਕਿਰਦਾਰਾਂ ਦੀ ਸਫਲਤਾ / ਅਸਫਲਤਾ ਨਾਲ ਸੰਬੰਧ ਰੱਖਦੀ ਹੈ ਪਰੰਤੂ ਮੂਲ ਕਥਾ ਦੇ ਨਾਲ ਕਈ ਉਪ-ਕਥਾਵਾਂ ਵੀ ਆ ਜਾਂਦੀਆਂ ਹਨ ਜੋ ਕਿਸੇ ਪਾਤਰ ਦੀ ਸ਼ਖਸੀਅਤ ਨਾਲ ਸੰਬੰਧਿਤ ਕਈ ਪਾਸਾਰਾਂ ਨੂੰ ਰੂਪਮਾਨ ਕਰਨ ਦੇ ਨਾਲ-ਨਾਲ ਕਹਾਣੀ ਨੂੰ ਗੰਭੀਰਤਾ ਵੀ ਪ੍ਰਦਾਨ ਕਰਦੀਆਂ ਹਨ। ਪੂਰੇ ਨਾਟਕ ਦੇ ਪੰਜ ਪੜਾਅ ਹੁੰਦੇ ਹਨ:


1. ਆਰੰਭ 2. ਚੜ੍ਹਾਈ 3. ਸਿਖਰ 4. ਉਤਰਾਈ ਅਤੇ 5. ਅੰਤ।




ਨਾਟਕ

ਨਾਟਕ ਵਿੱਚ ਕਥਾਨਕ ਹੌਲੀ-ਹੌਲੀ ਸਿਖਰ ਵੱਲ ਵਧਦਾ ਹੈ। ਸਿਖਰ ਉੱਤੇ ਪਹੁੰਚ ਕੇ ਸਮੱਸਿਆ ਦਾ ਸਮਾਧਾਨ ਹੋਣ ਲੱਗਦਾ ਹੈ। ਕਿਉਂਕਿ ਨਾਟਕ ਵਿੱਚ ਘਟਨਾਵਾਂ ਦੀ ਗਿਣਤੀ ਕਾਫੀ ਜ਼ਿਆਦਾ ਹੁੰਦੀ ਹੈ, ਇਸ ਲਈ ਸਮੱਸਿਆ ਦਾ ਪੂਰਨ ਸਮਾਧਾਨ ਹੋਣ ਲਈ ਕਾਫ਼ੀ ਵਕਤ ਲੱਗ ਜਾਂਦਾ ਹੈ ਅਤੇ ਨਾਟਕ ਦਾ ਅੰਤ ਕਾਫ਼ੀ ਪਛੜ ਕੇ ਹੁੰਦਾ ਹੈ ਪਰੰਤੂ ਇਕਾਂਗੀ ਨਾਟਕ ਵਿੱਚ ਕੇਵਲ ਦੋ-ਤਿੰਨ ਘਟਨਾਵਾਂ ਦੇ ਦਰਮਿਆਨ ਹੀ ਟਕਰਾਓ ਉਪਜਦਾ ਹੈ। ਸਿਖਰ ਪਹੁੰਚ ਕੇ

ਇਹ ਦਰਸ਼ਕਾਂ ਵਿਚ ਰਸ ਸੰਚਾਰ ਕਰਦਾ ਹੈ ਅਤੇ ਇਕਾਂਗੀ ਵਿਚ ਆਤਿਸ਼ਬਾਜ਼ੀ ਦੇ ਪਰ ਅਸਮਾਨ ਵਿਚ ਜਾ ਕੇ ਫਟਣ ਵਾਂਗ ਇਕ ਦਮ ਰੋਸ਼ਨ ਹੋ ਕੇ ਸਮਾਪਤ ਹੋ ਜਾਂਦਾ ਹੈ। ਇਕਾਂਗੀ ਨਾਟਕ ਵਿਚ ਚੜ੍ਹਾਈ ਤਾਂ ਹੁੰਦੀ ਹੈ, ਉਤਰਾਈ ਨਹੀਂ ਹੁੰਦੀ। ਇਸ ਪ੍ਰਕਾਰ ਇਕਾਂਗੀ ਦਾ ਸਿਖਰ ਅਤੇ ਅੰਤ ਦੋਵੇਂ ਇਕ ਦੂਜੇ ਦੇ ਨਾਲ-ਨਾਲ ਚਲਦੇ ਹੁੰਦੇ ਹਨ।




(iv) **ਵਾਰਤਾਲਾਪ :-** ਕਿਸੇ ਵੀ ਨਾਟਕ ਦਾ ਮੁੱਖ ਪ੍ਰਦਰਸ਼ਨ ਵਾਰਤਾਲਾਪ ਉੱਪਰ ਆਧਾਰਿਤ ਹੁੰਦਾ ਹੈ। ਇਸ ਕਾਰਨ ਨਾਟਕਕਾਰ ਅਤੇ ਇਕਾਂਗੀਕਾਰ, ਵਲੋਂ ਵਾਰਤਾਲਾਪ ਦੀ ਸਿਰਜਣਾ ਵਲ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਇਕਾਂਗੀ ਨਾਲ ਪਰ ਨਾਟਕ ਦਾ ਆਕਾਰ ਵਿਸਥਾਰ ਘਟਾ ਹੋਣ ਕਰਕੇ ਨਾਟਕਕਾਰ ਪਾਸ ਵਿਭਿੰਨ ਪ੍ਰਕਾਰ ਦੀਆਂ ਸ਼ੈਲੀਆਂ ਦਾ ਇਸਤੇਮਾਲ ਵਿਖਾਉਣ ਦਾ ਅਵਸਰ ਹੀ ਮੌਜੂਦ ਰਹਿੰਦਾ ਹੈ। ਇਹ ਸ਼ਿੰਗਾਰ-ਰਸ, ਕਰੁਣਾ ਰਸ, ਹਾਸ ਰਸ ਅਤੇ ਬੀਰ-ਰਸ ਆਦਿ ਰਸਾਂ ਦੀ ਸਿਰਜਣਾ ਨਾਲ ਸੰਬੰਧਿਤ ਕਈ ਵੰਨਗੀਆਂ ਦੀਆਂ ਸ਼ੈਲੀਆਂ ਦੀ ਸਿਰਜਣਾ ਕਰ

ਸਕਦਾ ਹੈ, ਪਰੰਤੂ ਇਕਾਂਗੀਕਾਰ ਸਟੇਜੀ ਜੀਵਨ ਦਾ ਕੇਵਲ ਇਕ ਹੀ ਪਾਸਾਰ ਪ੍ਰਦਰਸ਼ਿਤ ਕਰਨਾ ਹੁੰਦਾ ਹੈ; ਇਸ ਲਈ ਉਹ ਸ਼ੈਲੀਕਾਰ ਵਜੋਂ ਆਪਣੀ ਪ੍ਰਤਿਭਾ ਦਾ ਸਮੁੱਚਾ ਸ ਪ੍ਰਯੋਗ ਨਹੀਂ ਕਰ ਸਕਦਾ। ਇਕਾਂਗੀ ਨਾਟਕ ਵਿੱਚ ਬੋਲਿਆ ਗਿਆ ਇਕ ਫ਼ਾਲਤੂ ਸ਼ਬਦ ਵੀ ਇਸ ਦੀ ਸਮੁੱਚੀ ਬਣਤਰ ਉੱਪਰ ਨਾਂਹ-ਪੱਖੀ ਪ੍ਰਭਾਵ ਪਾ ਸਕਦਾ ਹੈ।

(v) <u>ਤਿੰਨ ਏਕਤਾਵਾਂ</u> :- ਇਕਾਂਗੀ ਨਾਟਕ ਦੀ ਸਿਰਜਣਾ ਕਰਨ ਸਮੇਂ ਇਕਾਂਗੀਕਾਰ ਨੇ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਪ੍ਰਤੀ ਵਿਸ਼ੇਸ਼ ਰੂਪ ਵਿੱਚ ਸਾਵਧਾਨ ਹੋਣਾ ਪੈਂਦਾ ਹੈ, ਅਰਥਾਤ ਇਕਾਂਗੀ ਵਿੱਚ ਜੋ ਸਮੇਂ ਨਾਲ ਸੰਬੰਧਿਤ ਵੇਰਵੇ ਪੇਸ਼ ਕਰਦੀ ਹੈ। ਉਸ ਪਾਸ ਕੁਲ ਰਹੇ ਵਕਤਾਂ ਨੂੰ ਛੱਡ ਕੇ ਕੁਝ ਵੀ ਤੰਦਰੁਸਤ ਵਿੱਚ ਵਾਧ ਦੀ ਗੁੰਜਾਇਸ਼ ਨਹੀਂ ਹੁੰਦੀ। ਇਸੇ ਤਰ੍ਹਾਂ ਉਹ ਕਿਸੇ ਇਕ ਸਥਾਨ ਨਾਲ ਸੰਬੰਧਿਤ ਘਟਨਾ ਨੂੰ ਛੱਡ ਕੇ ਕਿਸੇ ਦੂਸਰੇ ਸਥਾਨ ਨਾਲ ਸੰਬੰਧਿਤ ਵੇਰਵੇ ਪੇਸ਼ ਨਹੀਂ ਕਰ ਸਕਦਾ। ਇਕਾਂਗੀ ਦਾ ਪ੍ਰਭਾਵ ਵੀ ਇਕਹਿਰਾ ਹੋਣਾ ਚਾਹੀਦਾ ਹੈ ਤਾਂ ਕਿ ਇਸ ਦੀ ਤੀਬਰਤਾ ਬਰਕਰਾਰ ਰਹੇ। ਪੱਛਮ ਦੇ ਕਲਾਸੀਕਲ ਆਲੋਚਕ ਪੂਰੇ ਨਾਟਕ ਵਿੱਚ ਹੀ ਤਿੰਨਾਂ ਏਕਤਾਵਾਂ ਨੂੰ ਨਿਭਾਉਣ ਉੱਪਰ ਜ਼ੋਰ ਦਿੰਦੇ ਰਹੇ ਹਨ, ਪਰੰਤੂ ਸ਼ੈਕਸਪੀਅਰ ਅਤੇ ਇਬਸਨ ਵਰਗੇ ਪ੍ਰਤਿਭਾਸ਼ੀਲ ਨਾਟਕਕਾਰ ਸਮੇਂ ਅਤੇ ਸਥਾਨ ਦੀ ਏਕਤਾ ਨੂੰ ਤੋੜਦੇ ਰਹੇ ਹਨ। ਇਸ ਦੇ ਬਾਵਜੂਦ ਉਨ੍ਹਾਂ ਦੇ ਨਾਟਕਾਂ ਵਿੱਚ ਪ੍ਰਭਾਵ ਦੀ ਏਕਤਾ ਬਰਕਰਾਰ ਰਹਿੰਦੀ ਹੈ। ਇਕਾਂਗੀਕਾਰ ਲਈ ਤਿੰਨਾਂ ਏਕਤਾਵਾਂ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਸਮਝੀ ਗਈ ਹੈ। ਪੀਟਰ ਫੈਸਟਲੈਂਡ ਦਾ ਇਹ ਕਥਨ ਇਕਾਂਗੀ ਨਾਟਕ ਉੱਪਰ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ, " Right

from the opening sentence, there must be one aim only and one idea to be established."

ਸਿੱਟਾ :- ਸੰਖੇਪ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਨਾਟਕ ਅਤੇ ਇਕਾਂਗੀ ਦੇ ਸਾਧਿਅਮ ਵਾਤਾਵਰਣ ਅਤੇ ਰੰਗਮੰਚ ਸਾਂਝੇ ਹੋਣ ਦੇ ਬਾਵਜੂਦ ਦੋਹਾਂ ਵਿੱਚ ਅਕਾਰ-ਪ੍ਰਕਾਰ ਦੀਆਂ ਬਹੁਤ ਸਾਰੀਆਂ ਭਿੰਨਤਾਵਾਂ ਹਨ। ਨਾਟਕ ਨੇ ਮੱਧਕਾਲੀਨ ਜਾਗੀਰਦਾਰੀ ਯੁਗ ਵਿੱਚ ਜਨਮ ਲੈ ਕੇ ਆਧੁਨਿਕ ਯੁਗ ਤਕ ਧੀਰੇ-ਧੀਰੇ ਵਿਕਾਸ ਕੀਤਾ ਹੈ ਜਦੋਂ ਕਿ ਇਕਾਂਗੀ ਨਾਟਕ ਪੂੰਜੀਵਾਦੀ ਯੁਗ ਦੇ ਦਬਾਵਾਂ ਅਧੀਨ ਪੈਦਾ ਹੋਇਆ ਹੈ। ਇਸ ਕਾਰਨ ਦੋਹਾਂ ਵਿਧਾਵਾਂ ਦੇ ਸਰੂਪ ਵਿੱਚ ਕਾਫੀ ਭਿੰਨਤਾਵਾਂ ਹਨ, ਦੋਹਾਂ ਦੀ ਪ੍ਰਕਿਰਤੀ ਵੱਖ-ਵੱਖ ਹੈ। ਹਾਂ, ਇਹ ਦੋਵੇਂ ਸਾਹਿਤ-ਰੂਪ ਇਕ ਦੂਜੇ ਦੇ ਪੂਰਕ ਜ਼ਰੂਰ ਹਨ। ਅਜੋਕੇ ਪ੍ਰਸੰਗ ਵਿੱਚ ਕਿਸੇ ਦਾ ਵੀ ਮੁੱਲ ਜਾਂ ਮਹੱਤਵ ਦੂਜੇ ਤੋਂ ਘੱਟ ਨਹੀਂ ਹੈ।